# Won Inter College Wushu Championship

**दैनिक भास्कर**

# मोदी कॉलेज इंटर कॉलेज वुशू चैंपियनशिप का विजेता



पटियाला| मोदी कॉलेज के खिलाड़ियों ने पंजाबी यूनिवर्सिटी इंटर कॉलेज वुशू चैंपियनशिप के पुरुष और महिला वर्ग में जीत हासिल की। महिला टीम ने तालू और सांशू इवेंट में चैंपियन का खिताब हासिल किया। तालू इवेंट में मोदी कॉलेज टीम ने सरकारी गर्ल्स कॉलेज को हराया। जबकि सांशू इवेंट में टीम ने सरकारी राजिंदरा कॉलेज बठिंडा की टीम को हराकर जीत पाई। कॉलेज की पुरुष टीम ने सांशू इवेंट में गुरु नानक कॉलेज बुढलाडा की टीम को हराया। तालू में कॉलेज सरकारी महिंद्रा कॉलेज की टीम से हार गया। ओवरऑल चैंपियनशिप मोदी कॉलेज ने पाई।

ਸੱਚ ਕਹੂੰ ਸਰਸਾ, ਮੰਗਲਵਾਰ, 6 ਸਤੰਬਰ 2016

# ਅੰਤਰ ਕਾਲਜ ਵੁਸ਼ੂ ਚੈਂਪੀਅਨਸ਼ਿਪ 'ਤੇ ਮੋਦੀ ਕਾਲਜ ਦਾ ਕਬਜ਼ਾ



**ਸੱਚ ਕਹੂੰ ਨਿਊਜ਼**
**ਪਟਿਆਲਾ, 5 ਸਤੰਬਰ**

ਯੂਨੀਵਰਸਿਟੀ ਕੈਂਪਸ ਵਿਖੇ ਪੰਜਾਬੀ ਯੂਨੀਵਰਸਿਟੀ ਵੱਲੋਂ ਕਰਵਾਈ ਗਈ ਅੰਤਰ ਕਾਲਜ ਵੁਸ਼ੂ ਚੈਂਪੀਅਨਸ਼ਿਪਸ (ਲੜਕੇ ਤੇ ਲੜਕੀਆਂ) ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਦੇ ਖਿਡਾਰੀਆਂ ਨੇ ਜਿੱਤ ਲਈਆਂ ਹਨ। ਇਸ ਮੁਕਾਬਲੇ ਵਿਚ ਵੱਖ-ਵੱਖ ਕਾਲਜਾਂ ਦੀਆਂ 15 ਟੀਮਾਂ ਨੇ ਹਿੱਸਾ ਲਿਆ। ਸਖ਼ਤ ਮੁਕਾਬਲਿਆਂ ਦੌਰਾਨ ਵੁਸ਼ੂ ਦੇ ਦੋਵੇ ਈਵੈਂਟ ਤਾਲੂ ਅਤੇ ਸਾਂਸ਼ੂ ਵਿੱਚ ਮੋਦੀ ਕਾਲਜ ਦੀਆਂ ਲੜਕੀਆਂ ਨੇ ਜਿੱਤ ਪ੍ਰਾਪਤ ਕੀਤੀ। ਸਾਂਸ਼ੂ ਈਵੈਂਟ ਵਿਚ ਸਰਕਾਰੀ ਰਾਜਿੰਦਰਾ ਕਾਲਜ, ਬਠਿੰਡਾ ਦੀਆਂ ਲੜਕੀਆਂ ਦੂਜੇ ਨੰਬਰ 'ਤੇ ਰਹੀਆਂ ਅਤੇ ਤਾਲੂ ਈਵੈਂਟ ਵਿਚ ਸਰਕਾਰੀ ਕਾਲਜ ਫ਼ਾਰ ਗਰਲਜ,ਪਟਿਆਲਾ ਦੀਆਂ ਲੜਕੀਆਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਖੇਡ ਦੇ ਲੜਕਿਆਂ ਦੇ ਸਾਂਸ਼ੂ ਦੇ ਮੁਕਾਬਲੇ ਵਿਚ ਮੋਦੀ ਕਾਲਜ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਗੁਰੂ ਨਾਨਕ ਕਾਲਜ, ਬੁਢਲਾਡਾ ਦੀ ਟੀਮ ਦੂਸਰੇ ਸਥਾਨ 'ਤੇ ਰਹੀ। ਲੜਕਿਆਂ ਦੇ ਤਾਲੂ ਈਵੈਂਟ 'ਚ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਨੇ ਪਹਿਲਾ ਸਥਾਨ ਅਤੇ ਮੋਦੀ ਕਾਲਜ ਦੀ ਟੀਮ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਇਸ ਪ੍ਰਕਾਰ ਲੜਕਿਆਂ ਅਤੇ ਲੜਕੀਆਂ ਦੀ ਓਵਰਆਲ ਵੁਸ਼ੂ ਚੈਪੀਅਨਸ਼ਿਪ 'ਤੇ ਮੋਦੀ ਕਾਲਜ ਦੀਆਂ ਟੀਮਾਂ ਨੇ ਕਬਜ਼ਾ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਤੇ ਕਾਲਜ ਡੀਨ, ਸਪੋਰਟਸ ਡਾ. ਗੁਰਦੀਪ ਸਿੰਘ ਸੰਧੂ ਨੇ ਜੇਤੂ ਖਿਡਾਰੀਆਂ ਨੂੰ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਨੂੰ ਅੱਗੇ ਤੋਂ ਹੋਰ ਵੀ ਜ਼ਿਆਦਾ ਮਿਹਨਤ ਕਰਨ ਦੀ ਪ੍ਰੇਰਨਾ ਦਿੱਤੀ। ਡਾ. ਖੁਸ਼ਵਿੰਦਰ ਕੁਮਾਰ ਨੇ ਕਾਲਜ ਦੇ ਖੇਡ ਵਿਭਾਗ ਦੇ ਮੁਖੀ ਨਿਸ਼ਾਨ ਸਿੰਘ, ਪ੍ਰੋ. ਹਰਨੀਤ ਸਿੰਘ ਅਤੇ ਪ੍ਰੋ. (ਮਿਸ) ਮਨਦੀਪ ਕੌਰ ਨੇ ਵੀ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

ਪੰਜਾਬੀ ਜਾਗਰਣ

# ਮੋਦੀ ਕਾਲਜ ਬਣਿਆ ਓਵਰਆਲ ਵੁਸ਼ੂ ਚੈਂਪੀਅਨ

**ਸਟਾਫ ਰਿਪੋਰਟਰ, ਪਟਿਆਲਾ** : ਮੁਲਤਾਨੀ ਮੱਲ ਮੋਦੀ ਕਾਲਜ ਦੇ ਖਿਡਾਰੀਆਂ ਨੇ ਪੰਜਾਬੀ ਯੂਨੀਵਰਸਿਟੀ ਅੰਤਰ ਕਾਲਜ ਵੁਸ਼ੂ ਚੈਂਪੀਅਨਸ਼ਿਪ ਜਿੱਤਣ ਮਾਣ ਹਾਸਲ ਕੀਤਾ ਹੈ। ਪੰਜਾਬੀ ਯੂਨੀਵਰਸਿਟੀ ਵਲੋਂ ਕਰਵਾਈ ਇਸ ਚੈਂਪੀਅਨਸ਼ਿਪ ਵਿਚ ਵੱਖ-ਵੱਖ ਕਾਲਜਾਂ ਦੀਆਂ 15 ਟੀਮਾਂ ਨੇ ਹਿੱਸਾ ਲਿਆ। ਸਖ਼ਤ ਮੁਕਾਬਲਿਆਂ ਦੌਰਾਨ ਵੁਸ਼ੂ ਦੇ ਦੋਵੇਂ ਇਵੇਂਟ ਤਾਲੂ ਅਤੇ ਸਾਂਸ਼ੂ ਵਿਚ ਮੋਦੀ ਕਾਲਜ ਦੀਆਂ ਲੜਕੀਆਂ ਨੇ ਜਿੱਤ ਹਾਸਲ ਕੀਤੀ। ਸਾਂਸ਼ੂ ਇਵੇਂਟ ਵਿਚ ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ ਦੀਆਂ ਲੜਕੀਆਂ ਦੂਜੇ ਨੰਬਰ 'ਤੇ ਰਹੀਆਂ ਅਤੇ ਤਾਲੂ ਇਵੇਂਟ ਵਿਚ ਸਰਕਾਰੀ ਕਾਲਜ ਫ਼ਾਰ ਗਰਲਜ਼, ਪਟਿਆਲਾ ਦੀਆਂ ਲੜਕੀਆਂ ਨੇ ਦੂਜਾ ਸਥਾਨ ਹਾਸਲ ਕੀਤਾ। ਇਸ ਖੇਡ ਦੇ ਲੜਕਿਆਂ ਦੇ ਸਾਂਸ਼ੂ ਦੇ ਮੁਕਾਬਲੇ ਵਿਚ ਮੋਦੀ ਕਾਲਜ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਗੁਰੂ ਨਾਨਕ ਕਾਲਜ, ਬੁਢਲਾਡਾ ਦੀ ਟੀਮ ਦੂਸਰੇ ਸਥਾਨ 'ਤੇ ਰਹੀ।ਲੜਕਿਆਂ ਦੇ ਤਾਲੂ ਇਵੇਂਟ ਵਿਚ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਨੇ ਪਹਿਲਾ ਸਥਾਨ ਅਤੇ ਮੋਦੀ ਕਾਲਜ ਦੀ ਟੀਮ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਲੜਕਿਆਂ ਅਤੇ ਲੜਕੀਆਂ ਦੀ ਓਵਰਆਲ ਵੁਸ਼ੂ ਚੈਂਪੀਅਨਸ਼ਿਪ ਤੇ ਮੋਦੀ ਕਾਲਜ ਦੀ ਟੀਮ ਨੇ ਕਬਜ਼ਾ ਕੀਤਾ। ਪ੍ਰਿੰ. ਡਾ. ਖੁਸ਼ਵਿੰਦਰ ਕੁਮਾਰ ਤੇ ਕਾਲਜ ਡੀਨ, ਸਪੋਰਟਸ ਡਾ. ਗੁਰਦੀਪ ਸਿੰਘ ਸੰਧੂ ਨੇ ਜੇਤੂ ਖਿਡਾਰੀਆਂ ਨੂੰ ਮੁਬਾਰਕਬਾਦ ਦਿੱਤੀ। ਡਾ. ਖੁਸ਼ਵਿੰਦਰ ਕੁਮਾਰ ਨੇ ਕਾਲਜ ਦੇ ਖੇਡ ਵਿਭਾਗ ਦੇ ਮੁਖੀ ਨਿਸ਼ਾਨ ਸਿੰਘ, ਪ੍ਰੋ. ਹਰਨੀਤ ਸਿੰਘ ਅਤੇ ਪ੍ਰੋ. ਮਨਦੀਪ ਕੌਰ ਦੀ ਸਖਤ ਮਿਹਨਤ ਤੇ ਯੋਗ ਅਗਵਾਈ ਦੀ ਸ਼ਲਾਘਾ ਕੀਤੀ।



ਮੋਦੀ ਕਾਲਜ ਦੇ ਸਟਾਫ ਨਾਲ ਜੇਤੂ ਟੀਮ ਦੇ ਖ਼ਿਡਾਰੀ।

ਰੋਜ਼ਾਨਾ ਚੜ੍ਹਦੀਕਲਾ, ਪਟਿਆਲਾ (ਮੰਗਲਵਾਰ, 6 ਸਤੰਬਰ 2016)

# ਅੰਤਰ-ਕਾਲਜ ਵੁਸ਼ੂ ਚੈਂਪੀਅਨਸ਼ਿਪਸ 'ਚ ਮੋਦੀ ਕਾਲਜ ਅੱਵਲ ਰਿਹਾ



ਪਟਿਆਲਾ, 5 ਸਤੰਬਰ (ਰੁਪਾਣਾ/ਪ੍ਰਵਾਸੀ) : ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਦੇ ਖਿਡਾਰੀਆਂ ਨੇ ਪੰਜਾਬੀ ਯੂਨੀਵਰਸਿਟੀ ਅੰਤਰ ਕਾਲਜ ਵੁਸ਼ੂ ਚੈਂਪੀਅਨਸ਼ਿਪਸ (ਲੜਕੇ ਤੇ ਲੜਕੀਆਂ) ਜਿੱਤ ਲਈਆਂ ਹਨ। ਇਨ੍ਹਾਂ ਚੰਪੀਅਨਸ਼ਿਪਸ ਦਾ ਆਯੋਜਨ ਯੂਨੀਵਰਸਿਟੀ ਕੈਂਪਸ ਵਿਖੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਕੀਤਾ ਗਿਆ। ਇਸ ਮੁਕਾਬਲੇ ਵਿਚ ਵੱਖ-ਵੱਖ ਕਾਲਜਾਂ ਦੀਆਂ 15 ਟੀਮਾਂ ਨੇ ਹਿੱਸਾ ਲਿਆ। ਸਖ਼ਤ ਮੁਕਾਬਲਿਆਂ ਦੌਰਾਨ ਵੁਸ਼ੂ ਦੇ ਦੋਵੇਂ ਇਵੰਟ ਤਾਲੂ ਅਤੇ ਸਾਂਸ਼ੂ ਵਿਚ ਮੋਦੀ ਕਾਲਜ ਦੀਆਂ ਲੜਕੀਆਂ ਨੇ ਜਿੱਤ ਪ੍ਰਾਪਤ ਕੀਤੀ। ਸਾਂਸ਼ੂ ਇੰਵੇਂਟ ਵਿਚ ਸਰਕਾਰੀ ਰਾਜਿੰਦਰਾ ਕਾਲਜ, ਬਠਿੰਡਾ ਦੀਆਂ ਲੜਕੀਆਂ ਦੂਜੇ ਨੰਬਰ 'ਤੇ ਰਹੀਆਂ ਅਤੇ ਤਾਲੂ ਇਵੰਟ ਵਿਚ ਸਰਕਾਰੀ ਕਾਲਜ ਫ਼ਾਰ ਗਰਲਜ਼, ਪਟਿਆਲਾ ਦੀਆਂ ਲੜਕੀਆਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਖੇਡ ਦੇ ਲੜਕਿਆਂ ਦੇ ਸਾਂਸ਼ੂ ਦ ਮੁਕਾਬਲੇ ਵਿਚ ਮੋਦੀ ਕਾਲਜ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਗੁਰੂ ਨਾਨਕ ਕਾਲਜ, ਬੁਢਲਾਡਾ ਦੀ ਟੀਮ ਦੂਸਰੇ ਸਥਾਨ 'ਤੇ ਰਹੀ। ਲੜਕਿਆਂ ਦੇ ਤਾਲੂ ਇਵੰਟ ਵਿਚ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਨੇ ਪਹਿਲਾ ਸਥਾਨ ਅਤੇ ਮੋਦੀ ਕਾਲਜ ਦੀ ਟੀਮ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਇਸ ਪ੍ਰਕਾਰ ਲੜਕਿਆਂ ਅਤੇ ਲੜਕੀਆਂ ਦੀ ਓਵਰਆਲ ਵੁਸ਼ੂ ਚੈਂਪੀਅਨਸ਼ਿਪ 'ਤੇ ਮੋਦੀ ਕਾਲਜ ਦੀ ਟੀਮ ਨੇ ਕਬਜ਼ਾ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਤੇ ਕਾਲਜ ਡੀਨ, ਸਪੋਰਟਸ ਡਾ. ਗੁਰਦੀਪ ਸਿੰਘ ਸੰਧੂ ਨੇ ਜੇਤੂ ਖਿਡਾਰੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਕਾਲਜ ਵੱਲੋਂ ਖਿਡਾਰੀਆਂ ਨੂੰ ਹਰ ਪ੍ਰਕਾਰ ਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਤੇ ਅੱਗੇ ਤੋਂ ਵੀ ਜਾਰੀ ਰਹਿਣਗੀਆਂ। ਡਾ. ਖੁਸ਼ਵਿੰਦਰ ਕੁਮਾਰ ਨੇ ਕਾਲਜ ਦੇ ਖੇਡ ਵਿਭਾਗ ਦੇ ਮੁਖੀ ਸ. ਨਿਸ਼ਾਨ ਸਿੰਘ, ਪ੍ਰੋ. ਹਰਨੀਤ ਸਿੰਘ ਅਤੇ ਪ੍ਰੋ. (ਮਿਸ) ਮਨਦੀਪ ਕੌਰ ਦੀ ਸਖਤ ਮਿਹਨਤ ਤੇ ਯੋਗ ਅਗਵਾਈ ਦੀ ਸਰਾਹਨਾ ਕੀਤੀ।

ਰੋਜ਼ਾਨਾ ਸਪੋਕਸਮੈਨ

# ਅੰਤਰ ਕਾਲਜ ਵੁਸ਼ੂ ਚੈਂਪੀਅਨਸ਼ਿਪ 'ਚ ਮੋਦੀ ਕਾਲਜ ਜੇਤੂ

ਪਟਿਆਲਾ, 5 ਸਤੰਬਰ (ਧਰਮਿੰਦਰ ਪਾਲ ਸਿੰਘ): ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਦੇ ਖਿਡਾਰੀਆਂ ਨੇ ਪੰਜਾਬੀ ਯੂਨੀਵਰਸਟੀ ਅੰਤਰ ਕਾਲਜ ਵੁਸ਼ੂ ਚੈਂਪੀਅਨਸ਼ਿਪਸ (ਲੜਕੇ ਤੇ ਲੜਕੀਆਂ) ਜਿੱਤ ਲਈਆਂ ਹਨ। ਇਨ੍ਹਾਂ ਚੈਂਪੀਅਨਸ਼ਿਪਸ ਦਾ ਆਯੋਜਨ ਯੂਨੀਵਰਸਟੀ ਕੈਂਪਸ ਵਿਖੇ ਪੰਜਾਬੀ ਯੂਨੀਵਰਸਟੀ, ਪਟਿਆਲਾ ਦੁਆਰਾ ਕੀਤਾ ਗਿਆ। ਇਸ ਮੁਕਾਬਲੇ ਵਿਚ ਵੱਖ-ਵੱਖ ਕਾਲਜਾਂ ਦੀਆਂ 15 ਟੀਮਾਂ ਨੇ ਹਿੱਸਾ ਲਿਆ।



ਸਖ਼ਤ ਮੁਕਾਬਲਿਆਂ ਦੌਰਾਨ ਵੁਸ਼ੂ ਦੇ ਦੋਵੇਂ ਇਵੈਂਟ ਤਾਲੂ ਅਤੇ ਸਾਂਸ਼ੂ ਵਿਚ ਮੋਦੀ ਕਾਲਜ ਦੀਆਂ ਲੜਕੀਆਂ ਨੇ ਜਿੱਤ ਪ੍ਰਾਪਤ ਕੀਤੀ। ਸਾਂਸ਼ੂ ਇੰਵੈਂਟ ਵਿਚ ਸਰਕਾਰੀ ਰਾਜਿੰਦਰਾ ਕਾਲਜ, ਬਠਿੰਡਾ ਦੀਆਂ ਲੜਕੀਆਂ ਦੂਜੇ ਨੰਬਰ 'ਤੇ ਰਹੀਆਂ ਅਤੇ ਤਾਲੂ ਇਵੈਂਟ ਵਿਚ ਸਰਕਾਰੀ ਕਾਲਜ ਫ਼ਾਰ ਗਰਲਜ਼, ਪਟਿਆਲਾ ਦੀਆਂ ਲੜਕੀਆਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

ਇਸ ਖੇਡ ਦੇ ਲੜਕਿਆਂ ਦੇ ਸਾਂਸ਼ੂ ਦੇ ਮੁਕਾਬਲੇ ਵਿਚ ਮੋਦੀ ਕਾਲਜ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਗੁਰੂ ਨਾਨਕ ਕਾਲਜ, ਬੁਢਲਾਡਾ ਦੀ ਟੀਮ ਦੂਸਰੇ ਸਥਾਨ 'ਤੇ ਰਹੀ। ਲੜਕਿਆਂ ਦੇ ਤਾਲੂ ਇਵੈਂਟ ਵਿਚ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਨੇ ਪਹਿਲਾ ਸਥਾਨ ਅਤੇ ਮੋਦੀ ਕਾਲਜ ਦੀ ਟੀਮ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ।

ਇਸ ਪ੍ਰਕਾਰ ਲੜਕਿਆਂ ਅਤੇ ਲੜਕੀਆਂ ਦੀ ਓਵਰਆਲ ਵੁਸ਼ੂ ਚੈਂਪੀਅਨਸ਼ਿਪ ਤੇ ਮੋਦੀ ਕਾਲਜ ਦੀ ਟੀਮ ਨੇ ਕਬਜ਼ਾ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਤੇ ਕਾਲਜ ਡੀਨ, ਸਪੋਰਟਸ ਡਾ. ਗੁਰਦੀਪ ਸਿੰਘ ਸੰਧੂ ਨੇ ਜੇਤੂ ਖਿਡਾਰੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਕਾਲਜ ਵਲੋਂ ਖਿਡਾਰੀਆਂ ਨੂੰ ਹਰ ਪ੍ਰਕਾਰ ਦੀਆਂ ਸਹੂਲਤਾਂ ਮੁਹਈਆ ਕਰਵਾਈਆਂ ਜਾ ਰਹੀਆਂ ਹਨ ਤੇ ਅੱਗੇ ਤੋਂ ਵੀ ਜਾਰੀ ਰਹਿਣਗੀਆਂ।

ਡਾ. ਖੁਸ਼ਵਿੰਦਰ ਕੁਮਾਰ ਨੇ ਕਾਲਜ ਦੇ ਖੇਡ ਵਿਭਾਗ ਦੇ ਮੁਖੀ ਸ. ਨਿਸ਼ਾਨ ਸਿੰਘ, ਪ੍ਰੋ. ਹਰਨੀਤ ਸਿੰਘ ਅਤੇ ਪ੍ਰੋ. (ਮਿਸ) ਮਨਦੀਪ ਕੌਰ ਦੀ ਸਖ਼ਤ ਮਿਹਨਤ ਤੇ ਯੋਗ ਅਗਵਾਈ ਦੀ ਸਰਾਹਨਾ ਕੀਤੀ।

# Lecture on “Sahit ki Samaj” by Dr Satnam Singh Sandhu

भास्कर

## मोदी कॉलेज में साहित्य की समझ विषय पर भाषण प्रोग्राम

पटियाला। मोदी कॉलेज के पोस्ट ग्रेजुएट पंजाबी विभाग ने एमए पंजाबी के स्टूडेंट्स के लिए साहित्य की समझ विषय पर भाषण करवाया गया। पंजाबी यूनिवर्सिटी से पंजाबी प्रो. डा.सतनाम सिंह संधू मुख्य मेहमान के तौर पर शामिल हुए। कॉलेज प्रिंसीपल डा.खुशविंदर कुमार ने मेहमानों का स्वागत किया। पंजाबी विभाग के हेड डा.गुरदीप सिंह संधू ने जिंदगी में साहित्य की भूमिका पर चर्चा की। प्रोग्राम में प्रो. मनजीत कौर भी मौजूद रहे।

ਪੰਜਾਬੀ ਟ੍ਰਿਬਿਊਨ, ਸ਼ਨਿਚਰਵਾਰ, 10 ਸਤੰਬਰ 2016

# ਮੋਦੀ ਕਾਲਜ ਵਿੱਚ 'ਸਾਹਿਤ ਦੀ ਸਮਝ' ਵਿਸ਼ੇ 'ਤੇ ਭਾਸ਼ਣ

## ਵਿਦਿਆਰਥੀਆਂ ਨੂੰ ਜ਼ਿੰਦਗੀ ਦੀਆਂ ਹਕੀਕਤਾਂ ਤੋਂ ਜਾਣੂ ਹੋਣ ਤੇ ਸਹੀ ਸਾਹਿਤ ਦੀ ਚੋਣ ਸਬੰਧੀ ਕੀਤਾ ਸੁਚੇਤ

ਨਿੱਜੀ ਪੱਤਰ ਪ੍ਰੇਰਕ
ਪਟਿਆਲ, 9 ਸਤੰਬਰ

ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਵਿੱਚ ਕਾਲਜ ਦੇ ਗੋਲਡਨ ਜੁਬਲੀ ਸੈਸ਼ਨ ਦੇ ਲੜੀਵਾਰ ਪ੍ਰੋਗਰਾਮਾਂ ਤਹਿਤ ਪੋਸਟ-ਗ੍ਰੈਜੂਏਟ ਪੰਜਾਬੀ ਵਿਭਾਗ ਨੇ ਐਮ.ਏ. ਪੰਜਾਬੀ ਦੇ ਵਿਦਿਆਰਥੀਆਂ ਲਈ 'ਸਾਹਿਤ ਦੀ ਸਮਝ' ਵਿਸ਼ੇ 'ਤੇ ਭਾਸ਼ਣ ਪ੍ਰੋਗਰਾਮ ਕਰਵਾਇਆ। ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਦੇ ਪ੍ਰਫ਼ੈਸਰ 'ਡਾ. ਸਤਿਨਾਮ ਸਿੰਘ ਸੰਧੂ ਨੇ ਇਸ ਮੌਕੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ।

ਡਾ. ਸੰਧੂ ਨੇ ਵਿਦਿਆਰਥੀਆਂ ਨੂੰ ਮੁਖ਼ਾਤਿਬ ਹੁੰਦਿਆਂ ਜ਼ਿੰਦਗੀ ਦੀਆਂ ਹਕੀਕਤਾਂ ਤੋਂ ਜਾਣੂ ਹੋਣ ਤੇ ਸਹੀ ਸਾਹਿਤ ਦੀ ਚੋਣ ਸਬੰਧੀ ਸੁਚੇਤ ਕੀਤਾ। ਉਨ੍ਹਾਂ ਕਿਹਾ ਕਿ ਜੇ ਅਜੋਕੇ ਦੌਰ ਵਿੱਚ ਪਾਠਕਾਂ ਦੀ ਸਾਹਿਤ ਪ੍ਰਤੀ ਰੁਚੀ ਘਟ ਰਹੀ ਹੈ ਤਾਂ ਇਸ ਦਾ ਮੂਲ ਕਾਰਨ ਅਜੋਕੇ ਸਮੇਂ ਹੋਂਦ ਵਿੱਚ ਆ ਰਹੇ ਵਧੇਰੇ ਸਾਹਿਤ ਦਾ ਜੀਵਨ ਦੇ ਮੂਲ ਸਰੋਕਾਰਾਂ ਤੋਂ ਟੁੱਟੇ ਹੋਣਾ ਤੇ ਲੇਖਕਾਂ ਵਿੱਚ ਸੱਚ ਕਹਿਣ ਦੀ ਜੁੱਰਅਤ ਤੋਂ ਟਾਲਾ ਵੱਟਣਾ ਹੈ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਵਿਦਵਾਨ-ਵਕਤਾ ਦਾ ਸਵਾਗਤ ਕਰਦਿਆਂ ਕਿਹਾ ਕਿ ਬਿਹਤਰ ਇਨਸਾਨ ਦੀ ਸਿਰਜਨਾ ਅਤੇ ਉਸਾਰੂ ਵਿਚਾਰਧਾਰਾ ਲਈ ਮੰਚ ਮੁੱਹਈਆ ਕਰਵਾਉਣਾ ਹੀ ਵਿਦਿਅਕ ਸੰਸਥਾਵਾਂ ਦਾ ਅਸਲ ਉਦੇਸ਼ ਹੁੰਦਾ ਹੈ। ਇਸੇ ਮਕਸਦ ਨੂੰ ਮੁੱਖ ਰੱਖਦਿਆਂ ਕਾਲਜ ਵਲੋਂ ਸਮੇਂ ਸਮੇਂ ਵਿਦਿਆਰਥੀਆਂ ਲਈ ਅਜਿਹੇ ਵਿਸ਼ੇਸ਼ ਭਾਸ਼ਣ ਉਲੀਕੇ ਜਾਂਦੇ ਹਨ।

ਪੰਜਾਬੀ ਵਿਭਾਗ ਦੇ ਮੁਖੀ ਡਾ. ਗੁਰਦੀਪ ਸਿੰਘ ਸੰਧੂ ਨੇ ਵਿਦਵਾਨ ਵਕਤਾ ਨੂੰ ਵਿਦਿਆਰਥੀਆਂ ਨਾਲ ਰੂ-ਬ-ਰੂ ਕਰਵਾਇਆ ਤੇ ਵਿਸ਼ੇ ਦੀ ਚੋਣ ਦੇ ਮਹੱਤਵ ਅਤੇ ਜ਼ਿੰਦਗੀ ਵਿੱਚ ਸਾਹਿਤ ਦੀ ਭੂਮਿਕਾ 'ਤੇ ਚਰਚਾ ਕੀਤੀ। ਵਿਦਿਆਰਥੀਆਂ ਨੇ ਵਿਸ਼ੇ ਨਾਲ ਸਬੰਧਿਤ ਪ੍ਰਸੰਗਿਕ ਤੇ ਉਸਾਰੂ ਸਵਾਲ ਉਠਾਏ, ਜਿਨ੍ਹਾਂ ਦਾ ਡਾ. ਸੰਧੂ ਨੇ ਤਸੱਲੀਬਖ਼ਸ਼ ਜਵਾਬ ਦਿੱਤਾ। ਪ੍ਰੋਗਰਾਮ ਦੇ ਅਖ਼ੀਰ ਵਿੱਚ ਪ੍ਰੋ. (ਡਾ.) ਮਨਜੀਤ ਕੌਰ ਨੇ ਧੰਨਵਾਦੀ ਸ਼ਬਦ ਕਹੇ। ਇਸ ਮੌਕੇ ਵਿਭਾਗ ਦੇ ਸਮੂਹ ਅਧਿਆਪਕ ਹਾਜ਼ਰ ਸਨ।




ਡਾ. ਸਤਿਨਾਮ ਸਿੰਘ ਸੰਧੂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਦੇ ਹੋਏ ਪ੍ਰਿੰਸੀਪਲ ਡਾ.ਖੁਸ਼ਵਿੰਦਰ ਕੁਮਾਰ। -ਫੋਟੋ: ਭਿੰਡਰ

शनिवार, 10 सितम्बर 2016 | दैनिक सवेरा टाइम्स

## समय की कमी कारण पाठकों की साहित्य में रूचि कम हुई : संधू



गणमान्यों को सम्मानित करते कालेज के प्रोफैसर।

पटियाला (बलविन्द्र): गोल्डन जुबली सैशन के प्रोग्रामों के अंतर्गत, आज मुलतानी मल मोदी कालेज, पटियाला में पोस्ट-ग्रैजुएट पंजाबी विभाग ने एम.ए. (पंजाबी) के विद्यार्थियों के लिए साहित्य की समझ विषय पर विशेष भाषण करवाया। डा. सतनाम सिंह संधू, प्रोफ़ैसर पंजाबी, पंजाबी यूनिवर्सिटी, पटियाला ने विद्वान वक्ता के तौर पर शिरक्कत की। उन्होंने विद्यार्थियों को मुखातिब होते जिंदगी की हकीकतों से अवगत होने और सही साहित्य की चयन सम्बन्धित सचेत किया। उन्होंने कहा कि यदि आज के दौर में पाठकों की साहित्य प्रति रुचि कम हो रही है तो इस का मूल कारण आज के समय की कमी होना है। कालेज प्रिंसीपल डा. खुशविन्दर कुमार ने विद्वान -वक्ता का स्वागत करते हुए कहा कि बेहतर मनुष्य की सृजना और रचनात्मिक विचारधारा के लिए मंच उपलब्ध करवाना ही शैक्षिक संस्थाओं का असली उद्देश्य होता है। इसी मकसद को मुख्य रखते कालेज की तरफ से समय समय विद्यार्थियों के लिए ऐसे विशेष भाषण बनाए जाते हैं।

ਰੋਜ਼ਾਨਾ ਸਪੋਕਸਮੈਨ

## ਮੋਦੀ ਕਾਲਜ 'ਚ ਸਾਹਿਤ ਦੀ ਸਮਝ ਵਿਸ਼ੇ 'ਤੇ ਭਾਸ਼ਨ

ਪਟਿਆਲਾ, 9 ਸਤੰਬਰ (ਧਰਮਿੰਦਰ ਪਾਲ ਸਿੰਘ): ਗੋਲਡਨ ਜੁਬਲੀ ਸੈਸ਼ਨ ਦੇ ਲੜੀਵਾਰ ਪ੍ਰੋਗਰਾਮਾਂ ਤਹਿਤ, ਅੱਜ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਵਿਚ ਪੋਸਟ-ਗ੍ਰੈਜੂਏਟ ਪੰਜਾਬੀ ਵਿਭਾਗ ਨੇ ਐਮ.ਏ. (ਪੰਜਾਬੀ) ਦੇ ਵਿਦਿਆਰਥੀਆਂ ਲਈ ਸਾਹਿਤ ਦੀ ਸਮਝ ਵਿਸ਼ੇ 'ਤੇ ਵਿਸੇ ਭਾਸ਼ਨ ਕਰਵਾਇਆ।.ਪੰਜਾਬੀ ਯੂਨੀਵਰਸਟੀ ਦੇ ਪ੍ਰੋ. ਡਾ. ਸਤਿਨਾਮ ਸਿੰਘ ਸੰਧੂ ਨੇ ਵਿਦਵਾਨ-ਵਕਤਾ ਵਜੋਂ ਸ਼ਿਰਕਤ ਕੀਤੀ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਵਿਦਵਾਨ-ਵਕਤਾ ਦਾ ਸਵਾਗਤ ਕੀਤਾ ਪੰਜਾਬੀ ਵਿਭਾਗ ਦੇ ਮੁਖੀ ਡਾ. ਗੁਰਦੀਪ ਸਿੰਘ ਸੰਧੂ ਨੇ ਵਿਦਵਾਨ-ਵਕਤਾ ਨੂੰ ਵਿਦਿਆਰਥੀਆਂ ਨਾਲ ਰੂ-ਬ-ਰੂ ਕਰਵਾਇਆ ਅਤੇ ਵਿਸ਼ੇ ਦੀ ਚੋਣ ਦੇ ਮਹੱਤਵ ਤੇ ਜ਼ਿੰਦਗੀ ਵਿਚ ਸਾਹਿਤ ਦੀ ਭੂਮਿਕਾ 'ਤੇ ਚਰਚਾ ਕੀਤੀ।

ਪੰਜਾਬੀ ਜਾਗਰਣ

### ਜ਼ਿੰਦਗੀ 'ਚ ਸਾਹਿਤ ਦੀ ਭੂਮਿਕਾ 'ਤੇ ਕੀਤੀ ਚਰਚਾ

# 'ਸਾਹਿਤ ਦੀ ਸਮਝ' ਵਿਸ਼ੇ 'ਤੇ ਭਾਸ਼ਣ ਕਰਵਾਇਆ

**ਵਿੱਡੀ ਸੇਧ**

- ਜ਼ਿੰਦਗੀ ਦੀਆਂ ਹਕੀਕਤਾਂ ਤੋਂ ਜਾਣੂ ਹੋਣ ਅਤੇ ਸਹੀ ਸਾਹਿਤ ਦੀ ਚੋਣ ਸਬੰਧੀ ਕੀਤਾ ਸੁਚੇਤ



ਪ੍ਰੋ. ਸਤਿਨਾਮ ਸਿੰਘ ਸੰਧੂ ਨੂੰ ਸਨਮਾਨਿਤ ਕਰਦੇ ਹੋਏ ਪ੍ਰਿੰ. ਡਾ. ਖੁਸ਼ਵਿੰਦਰ ਕੁਮਾਰ ਤੇ ਹੋਰ ਸ਼ਖ਼ਸੀਅਤਾਂ।

**ਪੱਤਰ ਪ੍ਰੇਰਕ, ਪਟਿਆਲਾ** : ਗੋਲਡਨ ਜੁਬਲੀ ਸੈਸ਼ਨ ਦੇ ਲੜੀਵਾਰ ਪ੍ਰੋਗਰਾਮਾਂ ਤਹਿਤ ਮੁਲਤਾਨੀ ਮੱਲ ਮੋਦੀ ਕਾਲਜ ਵਿਚ ਪੋਸਟ-ਗ੍ਰੈਜੂਏਟ ਪੰਜਾਬੀ ਵਿਭਾਗ ਨੇ ਐਮ.ਏ. (ਪੰਜਾਬੀ) ਦੇ ਵਿਦਿਆਰਥੀਆਂ ਲਈ 'ਸਾਹਿਤ ਦੀ ਸਮਝ' ਵਿਸ਼ੇ ਵਿਸ਼ੇਸ਼ ਭਾਸ਼ਣ ਕਰਵਾਇਆ ਗਿਆ। ਪੰਜਾਬੀ ਯੂਨੀਵਰਸਿਟੀ ਤੋਂ ਪ੍ਰੋ. ਡਾ. ਸਤਿਨਾਮ ਸਿੰਘ ਸੰਧੂ ਨੇ ਵਿਦਵਾਨ-ਵਕਤਾ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਮੁਖ਼ਾਤਿਬ ਹੁੰਦਿਆਂ ਜ਼ਿੰਦਗੀ ਦੀਆਂ ਹਕੀਕਤਾਂ ਤੋਂ ਜਾਣੂ ਹੋਣ ਅਤੇ ਸਹੀ ਸਾਹਿਤ ਦੀ ਚੋਣ ਸਬੰਧੀ ਸੁਚੇਤ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਅਜੋਕੇ ਦੌਰ ਵਿਚ ਪਾਠਕਾਂ ਦੀ ਸਾਹਿਤ ਪ੍ਰਤੀ ਰੁਚੀ ਘਟ ਰਹੀ ਹੈ ਤਾਂ ਇਸ ਦਾ ਮੂਲ ਕਾਰਨ ਅਜੋਕੇ ਸਮੇਂ ਹੋਂਦ ਵਿਚ ਆ ਰਹੇ ਵਧੇਰੇ ਸਾਹਿਤ ਦਾ ਜੀਵਨ ਦੇ ਮੂਲ ਸਰੋਕਾਰਾਂ ਤੋਂ ਟੁੱਟੇ ਹੋਣਾ ਅਤੇ ਲੇਖਕਾਂ ਵਿਚ ਸੱਚ ਕਹਿਣ ਦੀ ਜੁਰੱਅਤ ਤੋਂ ਟਾਲਾ ਵੱਟਣਾ ਹੈ। ਸਮੇਂ ਦੇ ਸੱਚ ਨੂੰ ਲਿਖਤ ਦਾ ਸੱਚ ਬਣਾ ਕੇ ਹੀ ਅਜੋਕੇ ਯੁੱਗ ਵਿਚ ਸਾਹਿਤ ਦੀ ਪ੍ਰਸੰਗਿਕਤਾ ਕਾਇਮ ਕੀਤੀ ਜਾ ਸਕਦੀ ਹੈ ਅਤੇ ਪਾਠਕ ਸਾਹਿਤ ਦਾ ਸਹੀ ਪਰਿਪੇਖ ਵੀ ਤਾਂ ਹੀ ਸਮਝਣ ਦੇ ਸਮਰੱਥ ਹੋ ਸਕਦਾ ਹੈ ਜੇਕਰ ਉਹ ਜ਼ਿੰਦਗੀ ਦੇ ਯਥਾਰਥ ਨਾਲ ਬਾਵਸਤਾ ਹੈ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਵਿਦਵਾਨ-ਵਕਤਾ ਦਾ ਸਵਾਗਤ ਕਰਦਿਆਂ ਹੋਇਆਂ ਕਿਹਾ ਕਿ ਬਿਹਤਰ ਇਨਸਾਨ ਦੀ ਸਿਰਜਨਾ ਅਤੇ ਉਸਾਰੂ ਵਿਚਾਰਧਾਰਾ ਲਈ ਮੰਚ ਮੁਹੱਈਆ ਕਰਵਾਉਣਾ ਹੀ ਵਿਦਿਅਕ ਸੰਸਥਾਵਾਂ ਦਾ ਅਸਲ ਉਦੇਸ਼ ਹੁੰਦਾ ਹੈ। ਪੰਜਾਬੀ ਵਿਭਾਗ ਦੇ ਮੁਖੀ ਡਾ. ਗੁਰਦੀਪ ਸਿੰਘ ਸੰਧੂ ਨੇ ਵਿਦਵਾਨ-ਵਕਤਾ ਨੂੰ ਵਿਦਿਆਰਥੀਆਂ ਨਾਲ ਰੂ-ਬ-ਰੂ ਕਰਵਾਇਆ ਅਤੇ ਵਿਸ਼ੇ ਦੀ ਚੋਣ ਦੇ ਮਹੱਤਵ ਅਤੇ ਜ਼ਿੰਦਗੀ ਵਿਚ ਸਾਹਿਤ ਦੀ ਭੂਮਿਕਾ 'ਤੇ ਚਰਚਾ ਕੀਤੀ। ਵਿਦਿਆਰਥੀਆਂ ਨੇ ਵਿਸ਼ੇ ਨਾਲ ਸਬੰਧਿਤ ਪ੍ਰਸੰਗਿਕ ਅਤੇ ਉਸਾਰੂ ਸਵਾਲ ਉਠਾਏ, ਜਿਨ੍ਹਾਂ ਦਾ ਵਿਦਵਾਨ ਵਕਤਾ ਨੇ ਤਸੱਲੀਬਖ਼ਸ਼ ਜਵਾਬ ਦਿੱਤਾ। ਪ੍ਰੋਗਰਾਮ ਦੇ ਅਖੀਰ ਵਿਚ ਪ੍ਰੋ. (ਡਾ.) ਮਨਜੀਤ ਕੌਰ ਨੇ ਧੰਨਵਾਦ ਦੇ ਸ਼ਬਦ ਕਹੇ।

# Talent Hunt - 2016

ਪੰਜਾਬੀ ਟ੍ਰਿਬਿਊਨ, ਐਤਵਾਰ, 25 ਸਤੰਬਰ 2016

# ਮੁਲਤਾਨੀ ਮੱਲ ਮੋਦੀ ਕਾਲਜ ਵਿੱਚ ਪ੍ਰਤਿਭਾ ਖੋਜ ਮੁਕਾਬਲੇ ਸਮਾਪਤ

**ਨਿੱਜੀ ਪੱਤਰ ਪ੍ਰੇਰਕ**
**ਪਟਿਆਲਾ, 24 ਸਤੰਬਰ**

ਮੁਲਤਾਨੀ ਮੱਲ ਮੋਦੀ ਕਾਲਜ ਵਿੱਚ ਹਰ ਸਾਲ ਦੀ ਤਰ੍ਹਾਂ ਐਤਕੀਂ ਵੀ ਪ੍ਰਤਿਭਾ ਖੋਜ ਮੁਕਾਬਲਾ ਅਮਿੱਟ ਪੈੜਾਂ ਛੱਡਦਿਆਂ ਖਤਮ ਹੋ ਗਿਆ। ਇਸ ਸੱਭਿਆਚਾਰਕ ਪ੍ਰੋਗਰਾਮ 'ਚ ਇਨਕਮ ਟੈਕਸ ਵਿਭਾਗ ਪਟਿਆਲਾ ਦੇ ਐਡੀਸ਼ਨਲ ਕਮਿਸ਼ਨਰ ਹਰਜਿੰਦਰ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਜਦਕਿ ਆਈ.ਟੀ.ਓ. ਪਟਿਆਲਾ ਅਰੁਨ ਕੁਮਾਰ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਸਮਾਗਮ ਦੇ ਇਨਾਮ ਵੰਡ ਸੈਸ਼ਨ ਵਿੱਚ ਡਾ. ਬਲਜੀਤ ਸਿੰਘ ਸਿੱਧੂ, ਕੰਟਰੋਲਰ (ਪ੍ਰੀਖਿਆਵਾਂ), ਪੰਜਾਬੀ ਯੂਨੀਵਰਸਿਟੀ, ਪਟਿਆਲਾ ਮੁੱਖ ਮਹਿਮਾਨ ਵਜੋਂ ਪਹੁੰਚੇ।



ਪ੍ਰਤਿਭਾ ਖੋਜ ਮੁਕਾਬਲੇ ਵਿੱਚ ਗਿੱਧਾ ਪਾ ਰਹੀਆਂ ਵਿਦਿਆਰਥਣਾਂ। -ਫੋਟੋ: ਭਿੰਡਰ

ਇਸ ਮੌਕੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਭਾਸ਼ਣ ਕਲਾ ਵਿੱਚ ਇਸ਼ਨੂਰ ਸਿੰਘ ਘੁੰਮਣ ਤੇ ਸੁਖਨੀਤ ਕੌਰ ਨੇ ਪਹਿਲਾ, ਪਾਹੁਲ ਪੀ.ਕੇ. ਸੰਧੂ ਤੇ ਆਸਥਾ ਚਾਵਲਾ ਨੇ ਦੂਜਾ ਤੇ ਮੁਸਕਾਂਨ ਨੇ ਤੀਜਾ ਸਥਾਨ ਹਾਸਲ ਕੀਤਾ। ਗੀਤ ਤੇ ਗ਼ਜ਼ਲ ਮੁਕਾਬਲੇ ਵਿੱਚ ਜੋਬਨਜੀਤ ਸਿੰਘ ਨੇ ਪਹਿਲਾ ਤੇ ਮਨਪ੍ਰੀਤ ਕੌਰ ਤੇ ਰਮਨਪ੍ਰੀਤ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਕੁਇੱਜ਼ ਵਿੱਚ ਇਸ਼ਾਨ ਜਲੋਟਾ ਨੇ ਪਹਿਲਾ, ਗਰਿਮਾ ਨੇ ਦੂਜਾ ਤੇ ਅਰੁਣਾਂਕ ਤੇ ਪਨਕਰਨ ਸਿੰਘ ਨੇ ਤੀਜਾ ਸਥਾਨ ਹਾਸਲ ਕੀਤ। ਕਵਿਤਾ ਉਚਾਰਨ ਵਿੱਚ ਰਣਧੀਰ ਸਿੰਘ ਪਹਿਲੇ; ਗੁਰਵਿੰਦਰ ਸਿੰਘ ਦੂਜੇ ਅਤੇ ਮਨਦੀਪ ਵਾਲੀਆ ਤੀਜੇ ਸਥਾਨ 'ਤੇ ਰਹੇ। ਲੋਕ ਗੀਤਾਂ ਦੇ ਮੁਕਾਬਲੇ ਵਿੱਚ ਗੌਤਮ ਬੱਗਾ ਤੇ ਮਨਪ੍ਰੀਤ ਕੌਰ ਨੇ ਪਹਿਲਾ, ਕਮਲਜੀਤ ਸਿੰਘ ਨੇ ਦੂਜਾ ਸਥਾਨ ਹਾਸਲ ਕੀਤਾ। ਪੱਛਮੀ ਸੋਲੋ ਗਾਇਨ ਵਿੱਚ ਮਨੀਸ਼ ਸਿੰਘ ਤੇ ਕੀਰਤੀ ਵਰਮਾ ਪਹਿਲੇ ਤੇ ਅਨੰਦ ਭਾਰਦਵਾਜ ਦੂਜੇ ਸਥਾਨ 'ਤੇ ਰਹੇ।

ਮਹਿੰਦੀ ਲਗਾਉਣ ਵਿੱਚ ਨਵਨੀਤ ਕੌਰ ਨੇ ਪਹਿਲਾ, ਸਵਪਨਦੀਪ ਕੌਰ ਤੇ ਪੂਜਾ ਨੇ ਦੂਜਾ ਤੇ ਅਮਿਤ ਕੁਮਾਰ ਤੇ ਚਾਂਦਨੀ ਜੈਨ ਨੇ ਤੀਜਾ ਸਥਾਨ ਮੱਲ੍ਹਿਆ। ਕੋਲਾਜ ਮੇਕਿੰਗ ਵਿੱਚ ਤਰੁਣ ਧੀਮਾਨ ਤੇ ਸੰਦੀਪ ਸਿੰਘ ਨੇ ਪਹਿਲਾ, ਅਰਸ਼ਦੀਪ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ। ਕਢਾਈ ਮੁਕਾਬਲੇ ਵਿੱਚ ਮਨਪ੍ਰੀਤ ਕੌਰ ਨੇ ਪਹਿਲਾ ਤੇ ਪ੍ਰਿਆ ਸ਼ਰਮਾ ਨੇ ਦੂਜਾ ਸਥਾਨ ਹਾਸਲ ਕੀਤਾ। ਕਾਰਟੂਨ ਬਣਾਉਣ ਵਿੱਚ ਕੌਸ਼ਲਦੀਪ ਕੌਰ ਪਹਿਲੇ, ਅੰਕਿਤਾ ਵਰਮਾ ਅਤੇ ਲਵਲੀ ਦੂਜੇ ਅਤੇ ਕਮਲਪ੍ਰੀਤ ਕੌਰ ਤੀਜੇ ਸਥਾਨ 'ਤੇ ਰਹੀਆਂ। ਮੌਕੇ 'ਤੇ ਚਿੱਤਰਕਾਰੀ ਵਿੱਚ ਹੀਨਾ ਕਲਸੀ ਤੇ ਹਰਸੁੱਖਪਵਨ ਕੌਰ ਪਹਿਲੇ ਤੇ ਮਾਨਵੀ ਜੋਸ਼ੀ ਦੂਜੇ ਸਥਾਨ 'ਤੇ ਰਹੀ। ਕਲੇਅ ਮਾਡਲਿੰਗ ਵਿੱਚ ਮਨਪ੍ਰੀਤ ਸਿੰਘ ਪਹਿਲੇ ਤੇ ਕਰਨ ਗੁਰੂ ਦੂਜੇ ਤੇ ਲਵਪ੍ਰੀਤ ਕੌਰ ਤੀਜੇ ਸਥਾਨ 'ਤੇ ਰਹੇ। ਪੋਸਟਰ ਬਣਾਉਣ ਵਿੱਚ ਸੰਜੀਤ ਕੁਮਾਰ ਪਹਿਲੇ ਤੇ ਸਿਮਰਨ ਅਰੋੜਾ ਦੂਜੇ ਤੇ ਅਮਿਤ ਕੁਮਾਰ ਤੀਜੇ ਸਥਾਨ 'ਤੇ ਰਹੇ। ਫੋਟੋਗ੍ਰਾਫ਼ੀ ਵਿੱਚ ਮਨੀਸ਼ ਸਿੰਘ ਤੇ ਮਨੀਸ਼ ਪਹਿਲੇ, ਪ੍ਰਿਆ ਗਰਗ ਦੂਜੇ ਅਤੇ ਕਮਲਪ੍ਰੀਤ ਕੌਰ ਤੀਜੇ ਸਥਾਨ 'ਤੇ ਰਹੇ। ਰੰਗੋਲੀ ਵਿੱਚ ਤਨੀਸ਼ਾ ਤੇ ਸੋਹੰਗਜੋਤ ਕੌਰ ਪਹਿਲੇ ਅਤੇ ਗੁਰਲੀਨ ਕੌਰ ਦੂਜੇ ਸਥਾਨ 'ਤੇ ਰਹੀਆਂ। ਸਮਾਗਮ ਦੇ ਅੰਤ ਵਿੱਚ ਗਿੱਧਾ ਅਤੇ ਭੰਗੜਾ ਪੇਸ਼ ਕੀਤਾ ਗਿਆ। ਡਾ. ਬਲਜੀਤ ਸਿੰਘ ਸਿੱਧੂ, ਕੰਟਰੋਲਰ (ਪ੍ਰੀਖਿਆਵਾਂ), ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਜੇਤੂਆਂ ਨੂੰ ਇਨਾਮ ਅਤੇ ਸਰਟੀਫ਼ਿਕੇਟ ਵੰਡੇ।

CHANDIGARH Tribune
CHANDIGARH | SATURDAY | 24 SEPTEMBER 2016

# Youths must shun attitude of hypocrisy: I-T official



**ONE FOR THE ALBUM:** Girls take a groupfie during a talent hunt competition at Multani Mal Modi College in Patiala on Friday.
TRIBUNE PHOTO: RAJESH SACHAR

TRIBUNE NEWS SERVICE

PATIALA, SEPTEMBER 23

A talent hunt – 2016 competition was organised at MM Modi College here. Harjinder Singh, IRS, Additional Commissioner of Income Tax, was the chief guest on the occasion.

Impressed by the topic, "the role of youth in transforming India into a world power", of the declamation, Harjinder Singh said youth needs to be changed. They have to follow the simple rule of self-compliance. They must shun the attitude of hypocrisy and be conscious and focused on fundamental duties towards society rather than on fundamental rights. Arun Kumar, ITO, was the special invitee.

College principal Khushvinder Kumar welcomed the chief guest and other dignitaries. He stressed the need to imbibe the qualities of Harjinder Singh to become a responsible citizen and contribute towards the elimination of evils from society.

Dr Baljit Singh Sidhu, Controller of Examinations, Punjabi University, Patiala, presided over the valedictory session of the event and gave away prizes to the winners.

The talent hunt began with the recitation of Saraswati Vandana and Shabad Gayan. Competitions in elocution, folk song, ghazal, poetry recitation, quiz, fine arts, and photography were also held. Captivating skit, Western solo song, Indian group song, giddha and bhangra were presented during the function.

Ishnoor Singh Ghuman and Sukhneet Kaur bagged the first position in elocution, while Ishan Jalota in quiz, Randhir Singh in poetry recitation, Gautam Bagga and Manpreet Kaur in folk song, Manish Singh and Kirti Verma in Western solo song, Tarun Dhiman in collage making, Manpreet Kaur in embroidery, Kaushaldeep Kaur in cartoon making, Heena Kalsi and Harsukhpaawan Kaur in on-the-spot painting, Manpreet Singh in clay modelling, Sanjeet Kumar in poster making, Manish Singh and Manish in photography, Tanisha and Sohangjot Kaur in rangoli and Navneet Kaur in mehndi got the first positions. The chief guest gave away prizes to the winners.

दैनिक भास्कर

# मोदी कॉलेज में करवाए प्रतिभा खोज मुकाबले

## भाषण कला में इशनूर सिंह और सुखनीत कौर फर्स्ट, पाहुल पीके संधू और आस्था सेकेंड

भास्कर संवाददाता | पटियाला

मोदी कॉलेज में प्रतिभा खोज मुकाबला 2016 करवाया गया। एडिशनल कमिश्नर इनकम टैक्स हरजिंदर सिंह ने विशेष मेहमान के तौर पर शिरकत की। प्रोग्राम में स्टूडेंट्स ने ग्रुप शब्द, समूह गायन, स्किट, गिद्दा व भंगड़ा पेश किया। मुकाबले में भाषण कला में इशनूर सिंह घुम्मन व सुखनीत कौर पहले, पाहुल पीके संधू व आस्था चावला दूसरे स्थान पर रहे।



प्रोग्राम में गिद्दा की पेशकारी देती स्टूडेंट्स।

क्विज मुकाबले में इशान जलोटा पहले, गरिमा दूसरे व अरुनांक व पनकरन सिंह तीसरे स्थान पर रहे। कविता उच्चारण मुकाबले में रणधीर सिंह पहले, गुरविंदर सिंह दूसरे व मनदीप वालिया तीसरे स्थान पर रहा। लोक गीत मुकाबले में गौतम बग्गा व मनप्रीत कौर पहले, कमलजीत सिंह दूसरे स्थान पर रहा। मेंहदी लगाने में नवनीत कौर पहले, स्वपनदीप कौर व पूजा दूसरे व अमित कुमार व चांदनी जैन तीसरे स्थान पर रहे। कढ़ाई मुकाबले में मनप्रीत कौर पहले, प्रिया ने दूसरा स्थान प्राप्त किया। कार्टून बनाने में कौशलदीप कौर पहले, अंकिता वर्मा व लवली दूसरे और कमलप्रीत कौर तीसरे स्थान पर रही। इन मुकाबले में प्रो. शैलिंदर सिधू, प्रो. जगदीप कौर, पूनम धीमान, रूपिंदर सिंह ने भाषन कला के लिए, डॉ. गुरदीप सिंह, डॉ. दविंदर सिंह व डॉ. रूपिंदर शर्मा ने कविता उच्चारण के लिए जज की भूमिका निभाई। इस मौके पर कॉलेज प्रिंसीपल डॉ. खुशविंदर कुमार, इग्जामिनेशन कंट्रोलर (पीयू) डॉ. बलजीत सिंह सिद्धू, प्रो. सरवन कुमार, प्रो. बलजिंदर कौर व डॉ. मनजीत कौर मौजूद रहे।

दैनिक जागरण लुधियाना/पटियाला, 24 सितंबर 2016

प्रतियोगिता : मोदी कॉलेज में प्रतिभा खोज मुकाबलों में विद्यार्थियों ने दिखाई प्रतिभा, विजेता सम्मानित

# युवा हर क्षेत्र में दे अपना योगदान : हरजिंदर

जासं, पटियाला : मुलतानी मल मोदी कॉलेज में विद्यार्थियों में छिपी प्रतिभा को उभारने के लिए प्रतिभा खोज मुकाबले करवाए गए। कॉलेज प्रिंसिपल डॉ. खुशविंदर कुमार की अगुआई में आयोजित मुकाबलों का उद्घाटन आयकर विभाग के एडीशनल कमिश्नर हरजिंदर सिंह ने किया। समागम में विशिष्ट मेहमान के तौर पर आयकर अधिकारी अरुण कुमार ने शिरकत की। वहीं शाम के सत्र में पंजाबी विश्वविद्यालय के परीक्षा कंट्रोलर डॉ. बीएस सिद्धू ने बतौर मुख्य मेहमान शिरकत कर विजेताओं को सम्मानित किया।

मुख्य मेहमान हरजिंदर सिंह ने अपने संबोधन में कहा कि विद्यार्थियों को हर क्षेत्र में अपनी पहचान स्थापित करने के लिए आगे आना चाहिए। युवा शक्ति में समाज के बदलने की ताकत है। उन्हें अपनी ताकत को पहचानना चाहिए। शाम के सत्र में बतौर मुख्य मेहमान आमंत्रित डॉ. सिद्धू ने कहा कि कॉलेज केवल शिक्षा ही नहीं खेलों में अपनी विशेष पहचान स्थापित कर चुका है।

साथ हीं कॉलेज की सांस्कृतिक गतिविधियों में पहचान भी स्थापित हो रही है। जो कॉलेज के लिए गर्व की बात है। कॉलेज प्रिंसिपल डॉ. कुमार ने बताया कि भाषण कला में इशनूर सिंह घुम्मन ल सुखनीत कौर ने पहला, पाहुल पीके संधू व आस्था चावला ने दूसरा, गीत गायन में जोबनप्रीत सिंह ने पहला, मनप्रीत कौर ने दूसरा, क्विज मुकाबले में इशान जलोटा ने पहला, गरिमा ने दूसरा, कविता उच्चारण में रंधीर सिंह ने पहला, गुरविंदर सिंह ने दूसरा, लोक गीत मुकाबले में गौतम बग्गा और मनप्रीत कौर ने पहला, कमलजीत सिंह ने दूसरा, पश्चिमी सोलो गायन में मनीष सिंह व कीर्ति वर्मा ने पहला, आनंद भारद्वाज ने दूसरा, मेंहदी लगाने में नवनीत कौर ने पहला, स्वपन दीप कौर व पूजा ने दूसरा, कॉलाज मेकिंग मे तरुण धीमान व संदीप सिंह ने पहला, अक्षदीप कौर ने दूसरा, कार्टून मेकिंग में कौशलदीप कौर ने पहला, अंकिता वर्मा व लवली ने दूसरा, आन दा स्पाट चित्रकारी में हिना कलसी और हरसुखपवन कौर ने पहला, मानवी जोशी ने दूसरा स्थान हासिल किया। समागम के अंत में गिद्दा व भांगड़ा की रोमांचक पेशकारी की गई। विभिन्न प्रतियोगिताओं में प्रो. शलिंदर सिद्धू, प्रो. जगदीप कौर, पूनम धीमान, रुपिंदर सिंह, डॉ. गुरदीप सिंह, डॉ. दविंदर सिंह, डॉ. रुपिंदर शर्मा, डॉ. राजीव शर्मा, डॉ. मंजीत कौर, प्रो. हरमोहन शर्मा, प्रो. पूनम मल्होत्रा, प्रो. अजीत कुमार, प्रो. गणेश कुमार सेठी ने जजमेंट की। मंच का संचालन प्रो. सरवन कुमार, प्रो. बलजिंदर कौर, डॉ. मंजीत कौर ने किया।





मोदी कॉलेज में प्रतिभा खोज मुकाबले में विजेताओं को सम्मानित करते हुए मुख्य मेहमान डॉ. बीएस सिद्धू।(दाएं) आयोजित कार्यक्रम में भांगड़ा पेश करते युवा।

ਰੋਜ਼ਾਨਾ ਸਪੋਕਸਮੈਨ

# ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਪ੍ਰਤਿਭਾ ਖੋਜ ਮੁਕਾਬਲੇ



ਪਟਿਆਲਾ, 23 ਸਤੰਬਰ (ਹਰਦੀਪ ਸਿੰਘ): ਅੱਜ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਹਰ ਸਾਲ ਦੀ ਤਰ੍ਹਾਂ ਪ੍ਰਤਿਭਾ ਖੋਜ ਮੁਕਾਬਲਾ-2016 ਕਰਵਾਇਆ ਗਿਆ ਜਿਸ ਵਿਚ ਅਡੀਸ਼ਨਲ ਕਮਿਸ਼ਨਰ ਇਨਕਮ ਟੈਕਸ ਹਰਜਿੰਦਰ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ 'ਤੇ ਆਈ.ਟੀ.ਓ ਅਰੁਨ ਕੁਮਾਰ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਇਸ ਸਮਾਗਮ ਦੇ ਇਨਾਮ ਵੰਡ ਸੈਸ਼ਨ ਵਿਚ ਮੁੱਖ ਮਹਿਮਾਨ ਵਜੋਂ ਪਹੁੰਚੇ ਪੰਜਾਬੀ ਯੂਨੀਵਰਸਿਟੀ ਦੇ ਕੰਟਰੋਲਰ ਪਰੀਖਿਆਵਾਂ ਡਾ. ਬਲਜੀਤ ਸਿੰਘ ਸਿੱਧੂ ਨੇ ਕਿਹਾ ਕਿ ਮੋਦੀ ਕਾਲਜ ਪਟਿਆਲਾ ਦਾ ਅਕਾਦਮਿਕ ਖੇਤਰ ਦੇ ਨਾਲ-ਨਾਲ ਖੇਡਾਂ ਵਿਚ ਵੀ ਬਹੁਤ ਵੱਡਾ ਯੋਗਦਾਨ ਹੈ।

ਇਸ ਮੌਕੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਕਿਹਾ ਕਿ ਯੁਵਕ ਮੇਲਿਆਂ ਵਿਚ ਕਲਾਤਮਕ ਤੇ ਸਾਹਿਤਕ ਮੁਕਾਬਲਿਆਂ ਦੀ ਪਰੰਪਰਾ ਨੇ ਅਨੇਕਾਂ ਨੌਜਵਾਨਾਂ ਦੀ ਸ਼ਖ਼ਸੀਅਤ ਨਿਖਾਰਨ ਵਿਚ ਅਹਿਮ ਯੋਗਦਾਨ ਪਾਇਆ ਹੈ। ਵਿਦਿਆਰਥੀਆਂ ਵਲੋਂ ਗਰੁੱਪ ਸ਼ਬਦ, ਸਮੂਹ ਗਾਇਨ, ਸਕਿੱਟ, ਗਿੱਧਾ ਤੇ ਭੰਗੜੇ ਦੀਆਂ ਟੀਮ ਆਈਟਮਾਂ 'ਚ ਬਹੁਤ ਹੀ ਪ੍ਰਭਾਵਸ਼ਾਲੀ ਪੇਸ਼ਕਾਰੀਆਂ ਕੀਤੀਆਂ ਗਈਆਂ।

ਇਨ੍ਹਾਂ ਮੁਕਾਬਲਿਆਂ ਵਿਚ ਪ੍ਰੋ. ਸ਼ਲਿੰਦਰ ਸਿੱਧੂ, ਪ੍ਰੋ. ਜਗਦੀਪ ਕੌਰ, ਮਿਸ ਪੂਨਮ ਧੀਮਾਨ ਅਤੇ ਰੁਪਿੰਦਰ ਸਿੰਘ ਨੇ ਭਾਸ਼ਣ ਕਲਾ ਲਈ, ਡਾ. ਗੁਰਦੀਪ ਸਿੰਘ, ਡਾ. ਦਵਿੰਦਰ ਸਿੰਘ ਅਤੇ ਡਾ. ਰੁਪਿੰਦਰ ਸ਼ਰਮਾ ਨੇ ਕਵਿਤਾ ਉਚਾਰਣ ਲਈ ਜੱਜਾਂ ਦੀ ਭੂਮਿਕਾ ਨਿਭਾਈ।

ਸੰਗੀਤਕ ਆਇਟਮਾਂ ਲਈ ਪ੍ਰੋ. ਸ਼ਲਿੰਦਰ ਸਿੱਧੂ, ਡਾ. ਰਾਜੀਵ ਸ਼ਰਮਾ, ਡਾ. ਮਨਜੀਤ ਕੌਰ ਤੇ ਪ੍ਰੋ. ਹਰਮੋਹਨ ਸ਼ਰਮਾ ਜੱਜ ਰਹੇ।

ਪ੍ਰੋ. ਸ਼ਰਵਨ ਕੁਮਾਰ, ਡੀਨ ਸਭਿਆਚਾਰਕ ਸਰਗਮੀਆਂ ਸਟਾਫ਼ ਵੱਲੋਂ ਦਿੱਤੇ ਗਏ ਸਹਿਯੋਗ ਦੀ ਸ਼ਲਾਘਾ ਕੀਤੀ।

ਪ੍ਰੋ. ਸ਼ਰਵਨ ਕੁਮਾਰ, ਪ੍ਰੋ. (ਮਿਸਿਜ਼) ਬਲਜਿੰਦਰ ਕੌਰ ਅਤੇ ਡਾ. ਮਨਜੀਤ ਕੌਰ ਨੇ ਮੰਚ ਸੰਚਾਲਨ ਬਾਖ਼ੂਬੀ ਨਿਭਾਇਆ। ਪ੍ਰੋ. ਨਿਰਮਲ ਸਿੰਘ ਨੇ ਧੰਨਵਾਦ ਦੇ ਸ਼ਬਦ ਕਹੇ।

DAILYPOST > CHANDIGARH, SATURDAY 24 SEPTEMBER 2016

## Talent hunt competition held at MM Modi College

PATIALA: The 'Talent Hunt - 2016' competition was sedorgani at the Multani Mal Modi College on Friday. Harjinder Singh, IRS, Additional Commissioner of Income Tax, was the chief guest on the occasion. Highly impressed by the topic of the declamation "The Role of Youth in Transforming India into a World Power", he said that youth needs to be changed. They have to follow the simple rule of self-compliance. They must shun the attitude of hypocrisy and be conscious and focused on fundamental duties towards the society rather than on fundamental rights. Arun Kumar, ITO was special invitee. College Principal, Dr Khushvinder Kumar, welcomed the chief guest and other dignitaries. He stressed on the need of imbibing the qualities of chief guest, Harjinder Singh to become a responsible citizen and contribute towards the elimination of evil's of the society. Dr Baljit Singh Sidhu, Controller of Examinations, Punjabi University, presided over the valedictory session of the event and gave away prizes to the winners. DP

शनिवार, 24 सितम्बर 2016 | दैनिक सवेरा टाइम्स

# मुलतानी मल मोदी कालेज में प्रतिभा खोज मुकाबला-2016 करवाया






**प्रोग्राम में उपस्थित गणमान्य तथा (दाएं) विजेता विद्यार्थियों को सम्मानित करते पदाधिकारी।** **(गौतम)**

पटियाला, 23 सितंबर (बलविन्द्र): आज मुलतानी मल मोदी कालेज में हर साल की तरह प्रतिभा खोज मुकाबला-2016 करवाया गया जिस में हरजिन्दर सिंह, आई.आर.एस., एडीशनल कमिश्नर इंकम टैक्स, पटियाला मुख्य मेहमान के तौर पर शामिल हुए और अरुण कुमार, आई.टी.ओ., पटियाला ने विशेष मेहमान के तौर पर शिरकत की। इस मौके पर मुख्य मेहमान ने कहा कि नौजवानों को बदलने की जरूरत है। देश के कायदे कानून को स्व-पालना करने का स्वभाव होना चाहिए। उन्होंने हिपोक्रेसी को छोड़ने के लिए गुजारिश की और यह भी कहा कि हमें फंडामैंटल ड्यूटीस की तरफ ज्यादा ध्यान देना चाहिए न कि फंडामेंटल रायटस की तरफ। इस समागम के इनाम वितरण सैशन में मुख्य मेहमान के तौर पर पहुँचे डा. बलजीत सिंह सिद्धू, कंट्रोलर (परीक्षाएं), पंजाबी यूनिवर्सिटी, पटियाला ने कहा कि मोदी कालेज पटियाला का अकादमिक क्षेत्र के साथ-साथ खेल में भी बहुत बड़ा योगदान है। इस मौके मेहमानों का स्वागत करते कालेज के प्रिंसीपल डा. खुशविन्दर कुमार ने कहा कि युवक मेलों में कलात्मिक और साहित्यक मुकाबलों की परंपरा ने अनेकों नौजवानों की शख्सियत निखारने में अहम योगदान पाया है। इस मौके पर विद्यार्थियों की तरफ से ग्रुप शब्द, समूह गायन, स्किट, गिद्दा और भंगड़ो की टीम आईटमों में बहुत ही प्रभावशाली प्रस्तुतिकरण की गई। इस मौके पर कविता उच्चारण में रणधीर सिंह पहले, गुरविन्दर सिंह दूसरे और मनदीप वालों तीसरे स्थान पर रहे। लोक गीतों के मुकाबलो में गौतम सफ़ेद और मनप्रीत कौर ने पहला, कमलजीत सिंह ने दूसरा स्थान हासिल किया। पश्चिमी सोलो गान में मनीष सिंह और कीर्ति वर्मा पहले और आनंद भारद्वाज दूसरे स्थान पर रहा। समागम के अंत में गिद्दा और भंगड़ा पेश किया गया। इन मुकाबलों में प्रो. शलिन्दर सिद्धू, प्रो. जगदीप कौर, मिस पूनम धीमान और रूपिन्दर सिंह ने भाषण कला के लिए, डा. गुरदीप सिंह, डा. दविन्दर सिंह और डा. रुपिन्दर शर्मा ने कविता उच्चारण के लिए जजों की भूमिका निभाई। डा. बलजीत सिंह सिद्धू, कंट्रोलर (परीक्षाएं), पंजाबी यूनिवर्सिटी, पटियाला ने विजेता प्रतियोगियों को इनाम और सर्टीफिकेट प्रदान किये। कालेज प्रबंधकों की तरफ से मेहमानों को याद -चिह्न दे कर सम्मानित किया गया।

ਰੋਜ਼ਾਨਾ ਚੜ੍ਹਦੀਕਲਾ, ਪਟਿਆਲਾ (ਸ਼ਨੀਵਾਰ, 24 ਸਤੰਬਰ 2016)

# ਮੋਦੀ ਕਾਲਜ ਵਿਖੇ ਪ੍ਰਤਿਭਾ ਖੋਜ ਮੁਕਾਬਲੇ ਕਰਵਾਏ



ਪਟਿਆਲਾ, 23 ਸਤੰਬਰ (ਰੁਪਾਣਾ) : ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਹਰ ਸਾਲ ਦੀ ਤਰ੍ਹਾਂ 'ਪ੍ਰਤਿਭਾ ਖੋਜ ਮੁਕਾਬਲਾ-2016' ਕਰਵਾਇਆ ਗਿਆ। ਜਿਸ ਵਿਚ ਸ. ਹਰਜਿੰਦਰ ਸਿੰਘ, ਆਈ.ਆਰ.ਐਸ., ਅਡੀਸ਼ਨਲ ਕਮਿਸ਼ਨਰ ਇਨਕਮ ਟੈਕਸ, ਪਟਿਆਲਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਤੇ ਸ੍ਰੀ ਅਰੁਨ ਕੁਮਾਰ, ਆਈ.ਟੀ.ਓ., ਪਟਿਆਲਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਮੁੱਖ ਮਹਿਮਾਨ ਨੇ ਕਿਹਾ ਕਿ ਨੌਜਵਾਨਾਂ ਨੂੰ ਬਦਲਣ ਦੀ ਜ਼ਰੂਰਤ ਹੈ।ਦੇਸ਼ ਦੇ ਕਾਇਦੇ ਕਾਨੂੰਨ ਨੂੰ ਸਵੈ-ਪਾਲਣਾ ਕਰਨ ਦਾ ਸੁਭਾਅ ਹੋਣਾ ਚਾਹੀਦਾ ਹੈ। ਇਸ ਸਮਾਗਮ ਦੇ ਇਨਾਮ ਵੰਡ ਸੈਸ਼ਨ ਵਿਚ ਮੁੱਖ ਮਹਿਮਾਨ ਵਜੋਂ ਪਹੁੰਚੇ ਡਾ. ਬਲਜੀਤ ਸਿੰਘ ਸਿੱਧੂ ਕੰਟਰੋਲਰ (ਪਰੀਖਿਆਵਾਂ), ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਕਿਹਾ ਕਿ ਮੋਦੀ ਕਾਲਜ ਪਟਿਆਲਾ ਦਾ ਅਕਾਦਮਿਕ ਖੇਤਰ ਦੇ ਨਾਲ-ਨਾਲ ਖੇਡਾਂ ਵਿਚ ਵੀ ਬਹੁਤ ਵੱਡਾ ਯੋਗਦਾਨ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਹਮੇਸ਼ਾ ਬੁਲੰਦ ਹੌਸਲੇ ਨਾਲ ਅੱਗੇ ਵੱਧਣ ਵਾਸਤੇ ਪ੍ਰੇਰਿਤ ਕੀਤਾ। ਉਨ੍ਹਾਂ ਦੇ ਉਤਸ਼ਾਹ ਭਰੇ ਸ਼ਬਦ ਲੰਮੇ ਸਮੇਂ ਤੱਕ ਯਾਦ ਰਹਿਣਗੇ। ਇਸ ਮੌਕੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਕਿਹਾ ਕਿ ਯੁਵਕ ਮੇਲਿਆਂ ਵਿਚ ਕਲਾਤਮਕ ਤੇ ਸਾਹਿਤਕ ਮੁਕਾਬਲਿਆਂ ਦੀ ਪਰੰਪਰਾ ਨੇ ਅਨੇਕਾਂ ਨੌਜਵਾਨਾਂ ਦੀ ਸ਼ਖ਼ਸੀਅਤ ਨਿਖਾਰਨ ਵਿਚ ਅਹਿਮ ਯੋਗਦਾਨ ਪਾਇਆ ਹੈ। ਸਭਿਆਚਾਰਕ ਸਰਗਰਮੀਆਂ ਹੁਣ ਅਕਾਦਮਿਕ ਕਲੰਡਰ ਦਾ ਅਨਿਖੜਵਾਂ ਅੰਗ ਬਣ ਚੁੱਕੀਆਂ ਹਨ।

ਭਾਸ਼ਣ-ਕਲਾ ਵਿਚ ਇਸ਼ਨੂਰ ਸਿੰਘ ਘੁੰਮਣ ਤੇ ਸੁਖਨੀਤ ਕੌਰ ਨੇ ਪਹਿਲਾ, ਪਾਹੁਲ ਪੀ.ਕੇ. ਸੰਧੂ ਤੇ ਆਸਥਾ ਚਾਵਲਾ ਨੇ ਦੂਜਾ ਤੇ ਮੁਸਕਾਨ ਨੇ ਤੀਜਾ ਸਥਾਨ ਹਾਸਲ ਕੀਤਾ। ਰੰਗੋਲੀ ਵਿਚ ਤਨੀਸ਼ਾ ਤੇ ਸੋਹੰਗਜੋਤ ਕੌਰ ਪਹਿਲੇ ਅਤੇ ਗੁਰਲੀਨ ਕੌਰ ਦੂਜੇ ਸਥਾਨ 'ਤੇ ਰਹੀਆਂ। ਸਮਾਗਮ ਦੇ ਅੰਤ ਵਿਚ ਗਿੱਧਾ ਅਤੇ ਭੰਗੜਾ ਪੇਸ਼ ਕੀਤਾ ਗਿਆ। ਇਨ੍ਹਾਂ ਮੁਕਾਬਲਿਆਂ ਵਿਚ ਪ੍ਰੋ. ਸ਼ਲਿੰਦਰ ਸਿੱਧੂ, ਪ੍ਰੋ. ਜਗਦੀਪ ਕੌਰ, ਮਿਸ ਪੂਨਮ ਧੀਮਾਨ ਅਤੇ ਰੁਪਿੰਦਰ ਸਿੰਘ ਨੇ ਭਾਸ਼ਣ ਕਲਾ ਲਈ, ਡਾ. ਗੁਰਦੀਪ ਸਿੰਘ, ਡਾ. ਦਵਿੰਦਰ ਸਿੰਘ ਅਤੇ ਡਾ. ਰੁਪਿੰਦਰ ਸ਼ਰਮਾ ਨੇ ਕਵਿਤਾ ਉਚਾਰਣ ਲਈ ਜੱਜਾਂ ਦੀ ਭੂਮਿਕਾ ਨਿਭਾਈ। ਸੰਗੀਤ ਦੀਆਂ ਆਇਟਮਾਂ ਲਈ ਪ੍ਰੋ. ਸ਼ਲਿੰਦਰ ਸਿੱਧੂ, ਡਾ. ਰਾਜੀਵ ਸ਼ਰਮਾ, ਡਾ. ਮਨਜੀਤ ਕੌਰ ਤੇ ਪ੍ਰੋ. ਹਰਮੋਹਨ ਸ਼ਰਮਾ ਜੱਜ ਰਹੇ। ਕੁਇੱਜ਼ ਲਈ ਪ੍ਰੋ. ਪੂਨਮ ਮਲਹੋਤਰਾ, ਪ੍ਰੋ. ਅਜੀਤ ਕੁਮਾਰ ਅਤੇ ਪ੍ਰੋ. ਗਣੇਸ਼ ਕੁਮਾਰ ਸੇਠੀ ਨੇ ਜੱਜਾਂ ਦੇ ਫ਼ਰਜ਼ ਨਿਭਾਏ। ਕੋਮਲ ਕਲਾਵਾਂ ਲਈ ਪ੍ਰੋ. ਨੀਨਾ ਸਰੀਨ, ਪ੍ਰੋ. ਰੋਹਿਤ ਸੱਚਦੇਵਾ, ਪ੍ਰੋ. ਮਿਸ ਪੂਨਮ ਸ਼ਰਮਾ, ਮਿਸਿਜ਼ ਵੀਨੂ ਜੈਨ, ਮਿਸ ਅਮਨਜੋਤ ਕੌਰ ਅਤੇ ਮਿਸ ਪਰਵਿੰਦਰ ਕੌਰ ਜੱਜ ਸਨ। ਡਾ. ਬਲਜੀਤ ਸਿੰਘ ਸਿੱਧੂ, ਕੰਟਰੋਲਰ (ਪਰੀਖਿਆਵਾਂ), ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਜੇਤੂ ਪ੍ਰਤਿਯੋਗੀਆਂ ਨੂੰ ਇਨਾਮ ਅਤੇ ਸਰਟੀਫ਼ਿਕੇਟ ਪ੍ਰਦਾਨ ਕੀਤੇ। ਕਾਲਜ ਪ੍ਰਬੰਧਕਾਂ ਵਲੋਂ ਮਹਿਮਾਨਾਂ ਨੂੰ ਯਾਦ-ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰੋ. ਸ਼ਰਵਨ ਕੁਮਾਰ, ਡੀਨ ਸਭਿਆਚਾਰਕ ਸਰਗਮੀਆਂ ਸਟਾਫ਼ ਵੱਲੋਂ ਦਿੱਤੇ ਗਏ ਸਹਿਯੋਗ ਦੀ ਸ਼ਲਾਘਾ ਕੀਤੀ। ਪ੍ਰੋ. ਸ਼ਰਵਨ ਕੁਮਾਰ, ਪ੍ਰੋ. (ਮਿਸਿਜ਼) ਬਲਜਿੰਦਰ ਕੌਰ ਅਤੇ ਡਾ. ਮਨਜੀਤ ਕੌਰ ਨੇ ਮੰਚ ਸੰਚਾਲਨ ਬਾਖ਼ੂਬੀ ਨਿਭਾਇਆ। ਪ੍ਰੋ. ਨਿਰਮਲ ਸਿੰਘ ਨੇ ਧੰਨਵਾਦ ਦੇ ਸ਼ਬਦ ਕਹੇ।

ਅਜੀਤ




ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਕਰਵਾਏ ਗਏ ਸੱਭਿਆਚਾਰਕ ਪ੍ਰੋਗਰਾਮ ਦਾ ਦ੍ਰਿਸ਼। ਅਜੀਤ ਤਸਵੀਰ

# ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਪ੍ਰਤਿਭਾ ਖੋਜ ਮੁਕਾਬਲੇ

ਪਟਿਆਲਾ, 23 ਸਤੰਬਰ (ਗੁਰਪ੍ਰੀਤ ਸਿੰਘ ਚੱਠਾ)-ਅੱਜ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ 'ਪ੍ਰਤਿਭਾ ਖੋਜ ਮੁਕਾਬਲਾ-2016' ਕਰਵਾਇਆ ਗਿਆ ਜਿਸ 'ਚ ਹਰਜਿੰਦਰ ਸਿੰਘ, ਆਈ.ਆਰ.ਐਸ., ਐਡੀਸ਼ਨਲ ਕਮਿਸ਼ਨਰ ਇਨਕਮ ਟੈਕਸ, ਪਟਿਆਲਾ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਤੇ ਸ੍ਰੀ ਅਰੁਨ ਕੁਮਾਰ, ਆਈ.ਟੀ.ਓ., ਪਟਿਆਲਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਦੇਸ਼ ਦੇ ਕਾਇਦੇ ਕਾਨੂੰਨ ਨੂੰ ਸਵੈ-ਪਾਲਣਾ ਕਰਨ ਦਾ ਸੁਭਾ ਹੋਣਾ ਚਾਹੀਦਾ ਹੈ। ਇਸ ਸਮਾਗਮ ਦੇ ਇਨਾਮ ਵੰਡ ਸੈਸ਼ਨ 'ਚ ਮੁੱਖ ਮਹਿਮਾਨ ਵਜੋਂ ਪਹੁੰਚੇ ਡਾ. ਬਲਜੀਤ ਸਿੰਘ ਸਿੱਧੂ ਕੰਟਰੋਲਰ (ਪਰੀਖਿਆਵਾਂ) ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਕਿਹਾ ਕਿ ਮੋਦੀ ਕਾਲਜ ਪਟਿਆਲਾ ਦਾ ਅਕਾਦਮਿਕ ਖੇਤਰ ਦੇ ਨਾਲ-ਨਾਲ ਖੇਡਾਂ 'ਚ ਵੀ ਬਹੁਤ ਵੱਡਾ ਯੋਗਦਾਨ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਹਮੇਸ਼ਾ ਬੁਲੰਦ ਹੌਸਲੇ ਨਾਲ ਅੱਗੇ ਵਧਣ ਵਾਸਤੇ ਪ੍ਰੇਰਿਤ ਕੀਤਾ। ਇਸ ਮੌਕੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਕਿਹਾ ਕਿ ਯੁਵਕ ਮੇਲਿਆਂ 'ਚ ਕਲਾਤਮਕ ਤੇ ਸਾਹਿਤਕ ਮੁਕਾਬਲਿਆਂ ਦੀ ਪਰੰਪਰਾ ਨੇ ਅਨੇਕਾਂ ਨੌਜਵਾਨਾਂ ਦੀ ਸ਼ਖ਼ਸੀਅਤ ਨਿਖਾਰਨ 'ਚ ਅਹਿਮ ਯੋਗਦਾਨ ਪਾਇਆ। ਵਿਦਿਆਰਥੀਆਂ ਵੱਲੋਂ ਗਰੁੱਪ ਸ਼ਬਦ, ਸਮੂਹ ਗਾਇਨ, ਸਕਿੱਟ, ਗਿੱਧਾ ਤੇ ਭੰਗੜੇ ਦੀਆਂ ਟੀਮ ਆਈਟਮਾਂ 'ਚ ਬਹੁਤ ਹੀ ਪ੍ਰਭਾਵਸ਼ਾਲੀ ਪੇਸ਼ਕਾਰੀਆਂ ਕੀਤੀਆਂ ਗਈਆਂ। ਸਮਾਗਮ ਦੇ ਅੰਤ 'ਚ ਗਿੱਧਾ ਅਤੇ ਭੰਗੜਾ ਪੇਸ਼ ਕੀਤਾ ਗਿਆ। ਇਨ੍ਹਾਂ ਮੁਕਾਬਲਿਆਂ 'ਚ ਪ੍ਰੋ. ਸ਼ਲਿੰਦਰ ਸਿੱਧੂ, ਪ੍ਰੋ: ਜਗਦੀਪ ਕੌਰ, ਮਿਸ ਪੂਨਮ ਧੀਮਾਨ ਅਤੇ ਰੁਪਿੰਦਰ ਸਿੰਘ ਨੇ ਭਾਸ਼ਣ ਕਲਾ ਲਈ, ਡਾ. ਗੁਰਦੀਪ ਸਿੰਘ, ਡਾ. ਦਵਿੰਦਰ ਸਿੰਘ ਅਤੇ ਡਾ. ਰੁਪਿੰਦਰ ਸ਼ਰਮਾ ਨੇ ਕਵਿਤਾ ਉਚਾਰਨ ਲਈ ਜੱਜਾਂ ਦੀ ਭੂਮਿਕਾ ਨਿਭਾਈ। ਸੰਗੀਤ ਦੀਆਂ ਆਈਟਮਾਂ ਲਈ ਪ੍ਰੋ. ਸ਼ਲਿੰਦਰ ਸਿੱਧੂ, ਡਾ. ਰਾਜੀਵ ਸ਼ਰਮਾ, ਡਾ. ਮਨਜੀਤ ਕੌਰ ਤੇ ਪ੍ਰੋ: ਹਰਮੋਹਨ ਸ਼ਰਮਾ ਜੱਜ ਰਹੇ। ਕੁਇਜ਼ ਲਈ ਪ੍ਰੋ: ਪੂਨਮ ਮਲਹੋਤਰਾ, ਪ੍ਰੋ: ਅਜੀਤ ਕੁਮਾਰ ਅਤੇ ਪ੍ਰੋ: ਗਣੇਸ਼ ਕੁਮਾਰ ਸੇਠੀ ਨੇ ਜੱਜਾਂ ਦੇ ਫ਼ਰਜ਼ ਨਿਭਾਏ। ਕੋਮਲ ਕਲਾਵਾਂ ਲਈ ਪ੍ਰੋ: ਨੀਨਾ ਸਰੀਨ, ਪ੍ਰੋ: ਰੋਹਿਤ ਸੱਚਦੇਵਾ, ਪ੍ਰੋ: ਮਿਸ ਪੂਨਮ ਸ਼ਰਮਾ, ਮਿਸਿਜ਼ ਵੀਨੂ ਜੈਨ, ਮਿਸ ਅਮਨਜੋਤ ਕੌਰ ਅਤੇ ਮਿਸ ਪਰਵਿੰਦਰ ਕੌਰ ਜੱਜ ਸਨ। ਡਾ. ਬਲਜੀਤ ਸਿੰਘ ਸਿੱਧੂ ਕੰਟਰੋਲਰ (ਪਰੀਖਿਆਵਾਂ), ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਜੇਤੂ ਪ੍ਰਤੀਯੋਗੀਆਂ ਨੂੰ ਇਨਾਮ ਅਤੇ ਸਰਟੀਫਿਕੇਟ ਪ੍ਰਦਾਨ ਕੀਤੇ। ਕਾਲਜ ਪ੍ਰਬੰਧਕਾਂ ਵੱਲੋਂ ਮਹਿਮਾਨਾਂ ਨੂੰ ਯਾਦ-ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰੋ: ਸ਼ਰਵਨ ਕੁਮਾਰ ਡੀਨ ਸਭਿਆਚਾਰਕ ਸਰਗਰਮੀਆਂ ਸਟਾਫ਼ ਵੱਲੋਂ ਦਿੱਤੇ ਗਏ ਸਹਿਯੋਗ ਦੀ ਸ਼ਲਾਘਾ ਕੀਤੀ। ਪ੍ਰੋ: ਸ਼ਰਵਨ ਕੁਮਾਰ, ਪ੍ਰੋ: (ਮਿਸਿਜ਼) ਬਲਜਿੰਦਰ ਕੌਰ ਅਤੇ ਡਾ. ਮਨਜੀਤ ਕੌਰ ਨੇ ਮੰਚ ਸੰਚਾਲਨ ਬਾਖ਼ੂਬੀ ਨਿਭਾਇਆ।

ਜਾਗਰਣ
ਜਲੰਧਰ 24 ਸਤੰਬਰ, 2016
www.punjabijagran.com

## ਮੋਦੀ ਕਾਲਜ 'ਚ ਪ੍ਰਤਿਭਾ ਖੋਜ ਮੁਕਾਬਲੇ ਕਰਵਾਏ

# ਭੰਗੜੇ ਤੇ ਗਿੱਧੇ ਨਾਲ ਲੁੱਟਿਆ ਮੇਲਾ

- **ਭਾਸ਼ਣ ਕਲਾ 'ਚ ਇਸ਼ਨੂਰ ਸਿੰਘ ਘੁੰਮਣ ਤੇ ਸੁਖਨੀਤ ਕੌਰ ਰਹੇ ਅੱਵਲ**



ਮੋਦੀ ਕਾਲਜ 'ਚ ਪ੍ਰਤਿਭਾ ਖੋਜ ਮੁਕਾਬਲੇ 'ਚ ਗਿੱਧਾ ਪੇਸ਼ ਕਰਦੀਆਂ ਵਿਦਿਆਰਥਣਾਂ।

**ਸਟਾਫ ਰਿਪੋਰਟਰ, ਪਟਿਆਲਾ** : ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਪ੍ਰਤਿਭਾ ਖੋਜ ਮੁਕਾਬਲੇ ਕਰਵਾਏ ਗਏ। ਜਿਸ ਵਿਚ ਆਮਦਨ ਕਰ ਵਧੀਕ ਕਮਿਸ਼ਨ ਹਰਜਿੰਦਰ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਨਾਮ ਵੰਡ ਸੈਸ਼ਨ ਵਿਚ ਮੁੱਖ ਮਹਿਮਾਨ ਵਜੋਂ ਪਹੁੰਚੇ ਪੰਜਾਬੀ ਯੂਨੀਵਰਸਿਟੀ ਕੰਟਰੋਲਰ ਪ੍ਰੀਖਿਆਵਾਂ ਡਾ. ਬਲਜੀਤ ਸਿੰਘ ਸਿੱਧੂ ਪੁੱਜੇ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਕਿਹਾ ਕਿ ਯੁਵਕ ਮੇਲਿਆਂ ਵਿਚ ਕਲਾਤਮਕ ਤੇ ਸਾਹਿਤਕ ਮੁਕਾਬਲਿਆਂ ਦੀ ਪਰੰਪਰਾ ਨੇ ਅਨੇਕਾਂ ਨੌਜਵਾਨਾਂ ਦੀ ਸ਼ਖ਼ਸੀਅਤ ਨਿਖਾਰਨ ਵਿਚ ਅਹਿਮ ਯੋਗਦਾਨ ਪਾਇਆ ਹੈ। ਭਾਸ਼ਣ-ਕਲਾ ਵਿਚ ਇਸ਼ਨੂਰ ਸਿੰਘ ਘੁੰਮਣ ਤੇ ਸੁਖਨੀਤ ਕੌਰ ਨੇ ਪਹਿਲਾ, ਪਾਹੁਲ ਪੀ.ਕੇ. ਸਿੱਧੂ ਤੇ ਆਸਥਾ ਚਾਵਲਾ ਨੇ ਦੂਜਾ ਤੇ ਮੁਸਕਾਨ ਨੇ ਤੀਜਾ ਸਥਾਨ ਹਾਸਲ ਕੀਤਾ। ਗੀਤ ਤੇ ਗ਼ਜ਼ਲ ਵਿਚ ਜੋਬਨਜੀਤ ਸਿੰਘ ਨੇ ਪਹਿਲਾ ਤੇ ਮਨਪ੍ਰੀਤ ਕੌਰ ਤੇ ਰਮਨਪ੍ਰੀਤ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਕੁਇਜ਼ ਮੁਕਾਬਲੇ ਵਿਚ ਇਸ਼ਾਨ ਜਲੋਟਾ ਨੇ ਪਹਿਲਾ, ਗਰਿਮਾ ਨੇ ਦੂਜਾ ਤੇ ਅਰੁਣਾਂਕ ਤੇ ਪਨਕਰਨ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਮੌਕੇ 'ਤੇ ਚਿੱਤਰਕਾਰੀ ਵਿਚ ਹੀਨਾ ਕਲਸੀ ਤੇ ਹਰਸੁੱਖਪਵਨ ਕੌਰ ਪਹਿਲੇ ਤੇ ਮਾਨਵੀ ਜੋਸ਼ੀ ਦੂਜੇ ਸਥਾਨ 'ਤੇ ਰਹੀ। ਕਲੇਅ ਮਾਡਲਿੰਗ ਵਿਚ ਮਨਪ੍ਰੀਤ ਸਿੰਘ ਪਹਿਲੇ ਤੇ ਕਰਨ ਗੁਰੂ ਦੂਜੇ ਤੇ ਲਵਪ੍ਰੀਤ ਕੌਰ ਤੀਜੇ ਸਥਾਨ ਤੇ ਰਹੇ। ਪੋਸਟਰ ਬਣਾਉਣ ਵਿਚ ਸੰਜੀਤ ਕੁਮਾਰ ਪਹਿਲੇ ਤੇ ਸਿਮਰਨ ਅਰੋੜਾ ਦੂਜੇ ਤੇ ਅਮਿਤ ਕੁਮਾਰ ਤੀਜੇ ਸਥਾਨ ਤੇ ਰਹੇ। ਫੋਟੋਗ੍ਰਾਫ਼ੀ ਵਿਚ ਮਨੀਸ਼ ਸਿੰਘ ਤੇ ਮਨੀਸ਼ ਪਹਿਲੇ, ਪ੍ਰਿਆ ਗਰਗ ਦੂਜੇ ਅਤੇ ਕਮਲਪ੍ਰੀਤ ਕੌਰ ਤੀਜੇ ਸਥਾਨ ਤੇ ਰਹੇ। ਰੰਗੋਲੀ ਵਿਚ ਤਨੀਸ਼ਾ ਤੇ ਸੌਂਹਗਜੋਤ ਕੌਰ ਪਹਿਲੇ ਅਤੇ ਗੁਰਲੀਨ ਕੌਰ ਦੂਜੇ ਸਥਾਨ 'ਤੇ ਰਹੀਆਂ। ਇਨ੍ਹਾਂ ਮੁਕਾਬਲਿਆਂ ਵਿਚ ਪ੍ਰੋ. ਸ਼ਲਿੰਦਰ ਸਿੱਧੂ, ਪ੍ਰੋ. ਜਗਦੀਪ ਕੌਰ, ਮਿਸ ਪੂਨਮ ਧੀਮਾਨ ਅਤੇ ਰੁਪਿੰਦਰ ਸਿੰਘ ਨੇ ਭਾਸ਼ਣ ਕਲਾ ਲਈ, ਡਾ. ਗੁਰਦੀਪ ਸਿੰਘ, ਡਾ. ਦਵਿੰਦਰ ਸਿੰਘ ਅਤੇ ਡਾ. ਰੁਪਿੰਦਰ ਸ਼ਰਮਾ ਨੇ ਕਵਿਤਾ ਉਚਾਰਣ ਲਈ ਜੱਜਾਂ ਦੀ ਭੂਮਿਕਾ ਨਿਭਾਈ। ਸੰਗੀਤ ਦੀਆਂ ਆਇਟਮਾਂ ਲਈ ਪ੍ਰੋ. ਸ਼ਲਿੰਦਰ ਸਿੱਧੂ, ਡਾ. ਰਾਜੀਵ ਸ਼ਰਮਾ, ਡਾ. ਮਨਜੀਤ ਕੌਰ ਤੇ ਪ੍ਰੋ. ਹਰਮੋਹਨ ਸ਼ਰਮਾ ਜੱਜ ਰਹੇ। ਕੁਇੱਜ਼ ਲਈ ਪ੍ਰੋ. ਪੂਨਮ ਮਲਹੋਤਰਾ, ਪ੍ਰੋ. ਅਜੀਤ ਕੁਮਾਰ ਅਤੇ ਪ੍ਰੋ. ਗਣੇਸ਼ ਕੁਮਾਰ ਸੇਠੀ ਨੇ ਜੱਜਾਂ ਦੇ ਫ਼ਰਜ਼ ਨਿਭਾਏ। ਕੋਮਲ ਕਲਾਵਾਂ ਲਈ ਪ੍ਰੋ. ਨੀਨਾ ਸਰੀਨ, ਪ੍ਰੋ. ਰੋਹਿਤ ਸੱਚਦੇਵਾ, ਪ੍ਰੋ. ਮਿਸ ਪੂਨਮ ਸ਼ਰਮਾ, ਮਿਸਿਜ਼ ਵੀਨੂ ਜੈਨ, ਮਿਸ ਅਮਨਜੋਤ ਕੌਰ ਅਤੇ ਮਿਸ ਪਰਵਿੰਦਰ ਕੌਰ ਜੱਜ ਸਨ।



SATURDAY, SEPTEMBER 24, 2016
www.hindustantimes.com

# patiala&beyond

PATIALA, BANUR, RAJPURA, SAMANA, FATEHGARH SAHIB, MANDI GOBINDGARH, SIRHIND & NABHA

## HIDE NOT THY TALENT



**PATIALA:** A talent hunt competition was organised at MM Modi College on Friday. Additional commissioner income tax department Harjinder Singh was the chief guest on the occasion. The competitions in elocution, folk song, ghazal, poetry recitation, quiz, fine arts, and photography were held. Western solo song, Indian group song, gidha and bhangra were presented during the function. Ishnoor Singh Ghuman and Sukhneet Kaur bagged first position in elocution, Ishan Jalota in quiz, Randhir Singh in poetry recitation, Gautam Bagga and Manpreet Kaur in folk song, Manish Singh and Kirti Verma in western solo song. Tarun Dhiman bagged first position in collage making, Manpreet Kaur in embroidery, Kaushaldeep Kaur in cartoon making, Heena Kalsi and Harsukhpaawan Kaur in on the spot painting, Manpreet Singh in clay modelling, Sanjeet Kumar in poster making, Manish Singh and Manish in photography, Tanisha and Sohangjot Kaur in rangoli and Navneet Kaur in mehendi.

■ Students taking part in competitions and audience enjoying during the talent hunt at Multani Mal Modi College in Patiala on Friday. BHARAT BHUSHAN/HT